ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

ਰੇਡੀਓ



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 21 ਮਈ ਸ਼ਾਮ 4.30 ਤੋਂ 5.30 ਵਜੇ ਤੱਕ **ਭਾਈ ਸੰਦੀਪ ਸਿੰਘ** ਅਤੇ 22 ਮਈ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਜਬਰਤੋੜ ਸਿੰਘ 'ਆਸਾ ਦੀ ਵਾਰ'** ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 21 ਮਈ ਨੂੰ ਸ਼ਾਮ 6.00 ਤੋਂ 8.00 ਵਜੇ ਤੱਕ **ਭਾਈ ਸੰਦੀਪ ਸਿੰਘ ਅਤੇ ਭਾਈ ਦਵਿੰਦਰ ਸਿੰਘ ਬ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਕਰਨੈਲ ਸਿੰਘ** ਅਤੇ 22 ਮਈ ਨੂੰ ਸਵੇਰੇ 3.00 ਵਜੇ ਤੋਂ 7.45 ਵਜੇ ਤੱਕ **ਭਾਈ ਜਬਰਤੋੜ ਸਿੰਘ ਅਤੇ ਭਾਈ ਸੁਖਜਿੰਦਰ ਸਿੰਘ** ਕੀਰਤਨ ਕਰਨਗੇ।

ਮੁੱਖ ਵਾਕ ਦੀ ਕਥਾ : ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ 21 ਮਈ ਨੂੰ **ਗਿਆਨੀ ਜਸਪਾਲਵੀਰ ਸਿੰਘ ਜਲੰਧਰ ਅਤੇ 22 ਮਈ ਨੂੰ ਗਿਆਨੀ ਜਸਵੰਤ ਸਿੰਘ ਪ੍ਰਵਾਨਾ ਜਲੰਧਰ ਸਵੇਰੇ** 7.45 **ਤੋਂ** 8.30 **ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।**

ਊਨਾ ਸਦਰ 'ਚ ਰੋਡ ਸੇਫ਼ਟੀ ਕਲੱਬ ਦੀ ਬੈਠਕ ਤੋਂ ਬਾਅਦ ਪੁਲਿਸ ਅਧਿਕਾਰੀਆਂ ਨਾਲ ਕਲੱਬ ਦੇ ਮੈਂਬਰ।

ਅਜੀਤ
ਅਜੀਤ ਖ਼ਬਰਾਂ
ਹਰ ਰਾਤ
10:00 ਵਜੇ
ਖ਼ਬਰਾਂ
ਵੇਖੋ ਅਜੀਤ ਵੈੱਬ ਟੀ ਵੀ 'ਤੇ
ਕਲਿੱਕ ਕਰੋ. www.ajittv.com ਜਾਂ youtube.com/ajitwebtv

ਖੱਡ ਚਤਾੜਾ ਸਕੂਲ 'ਚ ਨਹੀਂ ਲੱਗੀਆਂ ਕਲਾਸਾਂ। ਪਿੰਡ ਵਾਸੀਆਂ ਨੇ ਅਧਿਆਪਕ ਦੀ ਬਦਲੀ ਦੇ ਵਿਰੋਧ 'ਚ ਨਹੀਂ ਭੇਜੇ ਸਕੂਲ 'ਚ ਬੱਚੇ। ਤਸਵੀਰ : ਰਾਜੂ

ਪੁਲਵਾਲਾ ਬਜ਼ਾਰ 'ਚ ਲਗਾਏ ਲੰਗਰ ਦਾ ਦ੍ਰਿਸ਼।

ਊਨਾ-ਬਾਲ ਸਕੂਲ 'ਚ ਬੱਚਿਆਂ ਨੇ ਸਫ਼ਾਈ ਮੁਹਿੰਮ ਤਹਿਤ ਭੰਗ ਪੁੱਟੀ।

ਡੀ. ਏ. ਵੀ. ਪਬਲਿਕ ਸਕੂਲ 'ਚ ਜਮਾਤ ਸਜਾਓ ਪ੍ਰਤੀਯੋਗਤਾ 'ਚ ਹਿੱਸਾ ਲੈਣ ਵਾਲੇ ਬੱਚੇ। ਤਸਵੀਰ : ਰਾਜੂ

ਗੁਰਮਤਿ ਸਮਾਗਮ ਅੱਜ

ਪਠਾਨਕੋਟ, 20 ਮਈ (ਆਰ. ਸਿੰਘ)- ਗੁਰਦੁਆਰਾ ਸਾਹਿਬ ਸਿੰਘ ਸਭਾ ਮਾਡਲ ਟਾਊਨ ਪਠਾਨਕੋਟ ਵਿਖੇ 21 ਮਈ ਨੂੰ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਗੁਰਦੁਆਰੇ ਦੇ ਪ੍ਰਧਾਨ ਮਨਪ੍ਰੀਤ ਸਿੰਘ ਸਾਹਨੀ ਨੇ ਦੱਸਿਆ ਕਿ 21 ਮਈ ਦਿਨ ਐਤਵਾਰ ਨੂੰ ਸਵੇਰੇ 6.30 ਵਜੇ ਤੋਂ 8.30 ਵਜੇ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ ਜਿਸ 'ਚ ਭਾਈ ਗੁਰਦੇਵ ਸਿੰਘ ਹਜ਼ੂਰੀ ਰਾਗੀ ਜਥਾ ਦਰਬਾਰ ਸਾਹਿਬ ਅੰਮ੍ਰਿਤਸਰ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕਰੇਗਾ। ਉਨ੍ਹਾਂ ਸੰਗਤਾਂ ਨੂੰ ਸਮੇਂ ਸਿਰ ਗੁਰਮਤਿ ਸਮਾਗਮ ਵਿਚ ਪਹੁੰਚਣ ਦੀ ਅਪੀਲ ਕੀਤੀ।

ਐਸ. ਐਸ. ਆਰ. ਵੀ. ਐਮ. ਸੀਨੀਅਰ ਸੈਕੰਡਰੀ ਸਕੂਲ ਊਨਾ 'ਚ ਨਵੀਂ ਚੁਣੀ ਸਟੂਡੈਂਟ ਕੌਂਸਲ ਐਸ. ਡੀ. ਐਮ. ਪ੍ਰਿਥੀਪਾਲ ਸਿੰਘ ਨਾਲ। ਤਸਵੀਰ : ਰਾਜੂ

ਡੀ. ਏ. ਵੀ. ਪਬਲਿਕ ਸਕੂਲ 'ਚ ਜਮਾਤ ਸਜਾਓ ਪ੍ਰਤੀਯੋਗਤਾ ਕਰਵਾਈ

ਊਨਾ, 20 ਮਈ (ਹਰਪਾਲ ਸਿੰਘ ਕੋਟਲਾ)-ਡੀ. ਏ. ਵੀ. ਪਬਲਿਕ ਸਕੂਲ ਵਿਚ ਸਨਿਚਰਵਾਰ ਨੂੰ ਜਮਾਤ ਸਜਾਓ ਪ੍ਰਤੀਯੋਗਤਾ ਦਾ ਕਰਵਾਈ ਗਈ। ਪਾਠਸ਼ਾਲਾ ਦੀਆਂ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਾਦੀ ਜਾਣ ਪਹਿਚਾਣ ਦਿੰਦੇ ਹੋਏ ਜਮਾਤਾਂ ਨੂੰ ਸੁੰਦਰ ਢੰਗ ਨਾਲ ਸਜਾਇਆ। ਵਿਦਿਆਰਥੀਆਂ ਨੇ ਜਮਾਤ ਸਜਾਉਣ ਦੇ ਨਾਲ-ਨਾਲ ਸਵੱਛ ਭਾਰਤ ਅਭਿਆਨ 'ਚ ਸਹਿਯੋਗ ਦੇਣ ਲਈ ਜਮਾਤਾਂ ਦੀ ਸਾਫ਼ ਸਫਾਈ ਵੀ ਕੀਤੀ। ਇਸ ਮੌਕੇ ਆਕਸ਼ੀ ਸ਼ਰਮਾ, ਰਚਨਾ ਸਿੰਘ, ਦੀਪਸ਼ਿਖਾ ਕੌਸ਼ਲ, ਅਨੁਪਾ ਠਾਕੁਰ, ਪ੍ਰੇਰਨਾ ਮਹਾਜਨ ਨੇ ਨਿਰਣਾਇਕ ਮੰਡਲ ਦੀ ਭੂਮਿਕਾ ਨਿਭਾਈ। ਇਸ ਮੌਕੇ ਮੁੱਖ ਅਧਿਆਪਕ ਅਤੁੱਲ ਮਹਾਜਨ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਵਿਦਿਆਰਥੀਆਂ ਦੀ ਰਚਨਾਤਮਕ ਦਾ ਪਰੀਖਣ ਕਰਨਾ ਤੇ ਸਵੱਛ ਪਰਿਵੇਸ਼ ਵਿਚ ਰਹਿਣ ਦਾ ਆਹਵਾਨ ਕਰਨਾ ਇਸ ਪ੍ਰਤੀਯੋਗਤਾ ਦਾ ਮੁੱਖ ਉਦੇਸ਼ ਹੈ। ਸ੍ਰੀ ਮਹਾਜਨ ਨੇ ਮਹਿਮਾਨਾਂ ਦਾ ਵਡਮੁੱਲਾ ਸਮਾਂ ਕੱਢਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਦੀ ਜੋ ਜਮਾਤ ਸਾਲ ਭਰ ਸਫਾਈ ਬਣਾਏ ਰੱਖੇਗੀ ਉਸ ਨੂੰ ਸਾਲਾਨਾ ਸਮਾਰੋਹ 'ਚ ਸਨਮਾਨਿਤ ਕੀਤਾ ਜਾਵੇਗਾ।

ਐਨ. ਸੀ. ਸੀ. ਕੈਂਪ ਦੌਰਾਨ ਯੋਗਾ ਤੇ ਨੈਤਿਕ ਸਿੱਖਿਆ ਬਾਰੇ ਜਾਣਕਾਰੀ ਦਿੰਦੇ ਹੋਏ ਕ੍ਰਿਸ਼ਨ ਕੁਮਾਰ। ਤਸਵੀਰ : ਰਾਜੂ

ਐਨ. ਸੀ. ਸੀ. ਕੈਂਪ ਦੌਰਾਨ ਯੋਗਾ ਤੇ ਨੈਤਿਕ ਸਿੱਖਿਆ ਬਾਰੇ ਦਿੱਤੀ ਜਾਣਕਾਰੀ

ਊਨਾ, 20 ਮਈ (ਹਰਪਾਲ ਸਿੰਘ ਕੋਟਲਾ)-ਜਵਾਹਰ ਨਵੋਦਿਆ ਪਾਠਸ਼ਾਲਾ ਪੇਖੁਬੇਲਾ ਵਿਚ ਐਨ. ਸੀ. ਸੀ. ਦੇ ਸੰਯੁਕਤ ਵਾਰਸ਼ਿਕ ਸਿਖਲਾਈ ਕੈਂਪ ਦਾ ਸੰਚਾਲਨ ਛੇਵੀਂ ਹਿਮਾਚਲ ਆਜਾਦ ਕੰਪਨੀ ਊਨੇ ਦੇ ਤਤਵਧਾਨ 'ਚ ਕੀਤਾ ਜਾ ਰਿਹਾ ਹੈ। ਕੈਂਪ ਦੇ ਤੀਸਰੇ ਦਿਨ ਕ੍ਰਿਸ਼ਣ ਕੁਮਾਰ ਲਧਾਖੀ ਦੁਆਰਾ ਕੈਡਿਟ ਨੂੰ ਯੋਗਾ ਤੇ ਨੈਤਿਕ ਸਿੱਖਿਆ ਦੇ ਬਾਰੇ 'ਚ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਦੱਸਿਆ ਦੀ ਯੋਗਾ ਨਾਲ ਆਦਮੀ ਦੇ ਤੰਦਰੁਸਤ ਰਹਿਣ ਦੇ ਨਾਲ-ਨਾਲ ਸਰੀਰ 'ਚ ਨਵੀਂ ਉਰਜਾ ਦਾ ਸੰਚਾਰ ਹੁੰਦਾ ਹੈ। ਕਿਸੇ ਵੀ ਸਮਾਜ ਦੇ ਉਨਤੀ ਲਈ ਨੈਤਿਕ ਮੁੱਲਾਂ ਦਾ ਬਹੁਤ ਮਹੱਤਵ ਹੁੰਦਾ ਹੈ। ਕੈਂਪ ਕਮਾਂਡੈਂਟ ਕਰਨਲ ਐਚ. ਡੀ. ਸ਼ਰਮਾ ਦੀ ਦੇਖ-ਰੇਖ ਇਹ ਕੈਂਪ 27 ਮਈ ਤੱਕ ਚੱਲੇਗਾ। ਕੈਂਪ ਦੇ ਦੌਰਾਨ ਵੱਖ-ਵੱਖ ਪ੍ਰਕਾਰ ਦੀ ਸੈਨਿਕ ਗਤੀਵਿਧੀਆਂ ਤੇ ਸਾਮਾਜਿਕ ਕੁਰੀਤੀਆਂ ਤੋਂ ਦੂਰ ਰਹਿਣ ਲਈ ਡਰਾਇੰਗ, ਪੇਂਟਿੰਗ ਤੇ ਰੈਲੀ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਐਨ. ਸੀ. ਸੀ. ਅਧਿਕਾਰੀ ਲੈ. ਅਸ਼ਵਨੀ ਕੁਮਾਰ, ਨਰੇਸ਼ ਸ਼ਰਮਾ, ਫੁਲਵਾੜੀ ਸਾਹਿਲ, ਸੁਰੇਸ਼, ਅਨਿਲ ਕੁਮਾਰ ਤੇ ਮਤੀਂਦਰ ਸਿੰਘ ਵੀ ਮੌਜੂਦ ਰਹੇ।

ਨਾਜਾਇਜ਼ ਪਾਣੀ ਦੇ ਕੁਨੈਕਸ਼ਨ ਵਿਭਾਗ ਲਈ ਬਣੇ ਸਿਰਦਰਦੀ

ਪਠਾਨਕੋਟ, 20 ਮਈ (ਨਿ.ਪ.ਪ.)- ਇਸ ਕੰਢੀ ਏਰੀਏ 'ਚ ਜਿੱਥੇ ਪੀਣ ਵਾਲੇ ਪਾਣੀ ਦੀ ਸਮੱਸਿਆ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪਾਣੀ ਦੀ ਸਪਲਾਈ ਕਰਦਾ ਹੈ। ਜਿਹੜਾ ਪ੍ਰਾਈਵੇਟ ਕੁਨੈਕਸ਼ਨ ਦਿੰਦਾ ਹੈ ਅਤੇ ਉਸ ਦੇ ਬਦਲੇ ਮਹੀਨੇ ਦਾ ਬਿੱਲ ਲੈਂਦਾ ਹੈ। ਇਕੱਠੇ ਹੋਏ ਫੰਡ (ਪੈਸੇ) 'ਚ ਜਲ ਘਰਾਂ ਦੀ ਮੁਰੰਮਤ ਅਤੇ ਹੋਰ ਖਰਚ ਵਿਭਾਗ ਕਰਦਾ ਹੈ ਪਰ ਵਿਭਾਗ ਲਈ ਲੋਕਾਂ ਵੱਲੋਂ ਆਪ ਲਾ ਲਏ ਪਾਣੀ ਦੇ ਨਜਾਇਜ਼ ਕੁਨੈਕਸ਼ਨ ਸਿਰਦਰਦ ਬਣੇ ਹੋਏ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਧਾਰ ਬਲਾਕ ਵਰਗੇ ਕੰਢੀ ਏਰੀਏ ਦੇ ਪਿੰਡ ਬੁੰਗਲ, ਬਧਾਨੀ, ਚੱਕੜ, ਹਾੜਾ, ਹਰਿਆਲ, ਨਰਾਇਣਪੁਰ, ਸਿਊਂਟੀ, ਮਾਮੂਨ ਆਦਿ ਤੱਕ ਦੇ ਪਿੰਡਾਂ ਤੋਂ ਇਲਾਵਾ ਹਰ ਪਿੰਡ 'ਚ ਨਜਾਇਜ਼ ਕੁਨੈਕਸ਼ਨ ਸਾਲਾਂ ਤੋਂ ਲੱਗੇ ਹਨ, ਜਿਹੜੇ ਮੁਫ਼ਤ 'ਚ ਪਾਣੀ ਦਾ ਮਜ਼ਾ ਲੈ ਰਹੇ ਹਨ। ਇੱਥੇ ਹੀ ਬੱਸ ਨਹੀਂ ਇਨ੍ਹਾਂ ਲੋਕਾਂ ਨੇ ਟੁਲੂ ਪੰਪ, ਮੋਟਰਾਂ ਲਾਈਆਂ ਹਨ ਅਤੇ ਪਾਣੀ ਆਉਂਦੇ ਹੀ ਸਾਰਾ ਪਾਣੀ ਖਿੱਚ ਲੈਂਦੇ ਹਨ। ਜਿਹੜੇ

ਖ਼ਜ਼ਾਨੇ ਨੂੰ ਵੀ ਲਾ ਰਹੇ ਨੇ ਚੂਨਾ

ਪਾਣੀ ਦਾ ਬਿੱਲ ਦਿੰਦੇ ਹਨ ਉਹ ਪਾਣੀ ਦੀ ਬੂੰਦ-ਬੂੰਦ ਨੂੰ ਤਰਸਦੇ ਰਹਿੰਦੇ ਹਨ। ਵਿਭਾਗ ਨੂੰ ਇਨ੍ਹਾਂ ਨਜਾਇਜ਼ ਕੁਨੈਕਸ਼ਨਾਂ ਦੀ ਯਾਦ ਗਰਮੀਆਂ 'ਚ ਆਉਂਦੀ ਹੈ। ਜਦੋਂ ਪਾਣੀ ਲਈ ਹਾਹਾਕਾਰ ਮਚ ਜਾਂਦੀ ਹੈ। ਪਰ ਵਿਭਾਗ ਇਨ੍ਹਾਂ ਨਜਾਇਜ਼ ਕੁਨੈਕਸ਼ਨਾਂ ਨੂੰ ਮੋਟਰਾਂ, ਟੁਲੂ ਪੰਪਾਂ ਨੂੰ ਹਟਾਉਣ 'ਚ ਪਤਾ ਨਹੀਂ ਕਿਉਂ ਅਸਮਰਥ ਹੈ। ਇਸ ਨਾਲ ਲੋਕ ਵੱਡੀ ਸਮੱਸਿਆ ਨਾਲ ਜੂਝ ਰਹੇ ਹਨ। ਇਹ ਨਜਾਇਜ਼ ਕੁਨੈਕਸ਼ਨ ਵਾਲੇ ਵਿਭਾਗ ਦੇ ਖ਼ਜ਼ਾਨੇ ਨੂੰ ਵੀ ਚੂਨਾ ਲਾ ਰਹੇ ਹਨ ਪਰ ਇਨ੍ਹਾਂ ਵਿਰੁੱਧ ਕਾਰਵਾਈ ਹੋਵੇਗੀ ਇਹ ਸਵਾਲ ਬਿੱਲ ਭਰਨ ਵਾਲੇ ਲੋਕ ਕਰ ਰਹੇ ਹਨ।

ਫੜਿਆ ਗਿਆ ਨੌਜਵਾਨ ਪੁਲਿਸ ਪਾਰਟੀ ਨਾਲ। ਤਸਵੀਰ: ਜਗਦੀਪ ਸਿੰਘ

ਲੁੱਟਾਂ ਖੋਹਾਂ ਕਰਨ ਵਾਲੇ ਗਰੋਹ ਦਾ ਤੀਸਰਾ ਨੌਜਵਾਨ ਪੁਲਿਸ ਵੱਲੋਂ ਗ੍ਰਿਫ਼ਤਾਰ

ਸੁਜਾਨਪੁਰ, 20 ਮਈ (ਜਗਦੀਪ ਸਿੰਘ)- ਐਸ. ਐਸ. ਪੀ. ਪਠਾਨਕੋਟ ਵਿਵੇਕਸ਼ੀਲ ਸੋਨੀ ਦੀਆਂ ਹਦਾਇਤਾਂ ਅਨੁਸਾਰ ਅਤੇ ਡੀ.ਐਸ.ਪੀ. ਧਾਰ ਕਲਾਂ ਕ੍ਰਿਪਾਲ ਸਿੰਘ ਦੀ ਅਗਵਾਈ 'ਚ ਮਾੜੇ ਅਨਸਰਾਂ 'ਤੇ ਨੱਥ ਪਾਉਣ ਲਈ ਵਿੱਢੀ ਮੁਹਿੰਮ ਤਹਿਤ ਸੁਜਾਨਪੁਰ ਪੁਲਿਸ ਵੱਲੋਂ ਥਾਣਾ ਮੁਖੀ ਹਰਿਕ੍ਰਿਸ਼ਨ ਸਿੰਘ ਤੇ ਉਨ੍ਹਾਂ ਦੀ ਟੀਮ ਨੇ ਪਿਛਲੇ ਦਿਨੀਂ ਲੁੱਟਾਂ ਖੋਹਾਂ ਕਰਨ ਵਾਲੇ ਇਕ ਗਿਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਇਕ ਭੱਜਣ 'ਚ ਸਫ਼ਲ ਹੋ ਗਿਆ ਸੀ। ਇਨ੍ਹਾਂ ਕੋਲੋਂ ਪੁੱਛਗਿੱਛ ਦੌਰਾਨ ਲੁੱਟਾਂ ਖੋਹਾਂ ਦਾ ਸਮਾਨ ਵੀ ਬਰਾਮਦ ਕੀਤਾ ਗਿਆ ਸੀ। ਅੱਜ ਪੁਲਿਸ ਵੱਲੋਂ ਫ਼ਰਾਰ ਹੋਏ ਨੌਜਵਾਨ ਸ਼ੇਰਦੀਨ ਉਰਫ਼ ਸ਼ੇਰੂ ਪੁੱਤਰ ਕਾਸਮਦੀਨ ਵਾਸੀ ਮੁੱਦੇ ਸੁਜਾਨਪੁਰ ਨੂੰ ਇਕ ਨਾਕੇ ਦੌਰਾਨ ਗ੍ਰਿਫ਼ਤਾਰ ਕਰ ਲਿਆ। ਉਸ ਕੋਲੋਂ ਇਕ ਸਕੂਟੀ, ਦੋ ਮੋਬਾਈਲ, ਇਕ ਸੋਨੇ ਦੀ ਚੇਨ ਬਰਾਮਦ ਕੀਤੀ ਹੈ। ਡੀ.ਐਸ.ਪੀ. ਕ੍ਰਿਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਨੇ ਪੁੱਛਗਿੱਛ ਦੌਰਾਨ ਮੰਨਿਆ ਹੈ ਕਿ ਵੱਖ-ਵੱਖ ਥਾਣਿਆਂ ਵਿਚ ਦਰਜ ਲੁੱਟਾਂ ਖੋਹਾਂ ਦੇ 10 ਮਾਮਲਿਆਂ ਨੂੰ ਉਨ੍ਹਾਂ ਅੰਜ਼ਾਮ ਦਿੱਤਾ ਹੈ। ਇਨ੍ਹਾਂ ਦੇ ਗਿਰੋਹ ਦੇ ਬਾਕੀ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਗੁੰਡਾ ਅਨਸਰਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਜੋ ਇਲਾਕੇ ਅੰਦਰ ਦਹਿਸ਼ਤ ਪੈਦਾ ਕਰ ਰਹੇ ਹਨ।

ਕਿਸਾਨ ਜਾਗਰੂਕਤਾ ਕੈਂਪ ਲਗਾਇਆ

ਪਠਾਨਕੋਟ, 20 ਮਈ (ਸੰਧੂ)- ਝੋਨੇ ਅਤੇ ਬਾਸਮਤੀ ਦੀ ਫ਼ਸਲ ਨੂੰ ਬੀਜ ਜਨਤ ਰੋਗਾਂ ਤੋਂ ਬਚਾਉਣ ਲਈ ਪਨੀਰੀ ਬੀਜਣ ਤੋਂ ਪਹਿਲਾਂ ਬੀਜ ਨੂੰ ਉੱਲੀ ਨਾਸ਼ਕ ਰਸਾਇਣਾਂ ਨਾਲ ਸੋਧ ਲੈਣਾ ਚਾਹੀਦਾ ਹੈ ਤਾਂ ਜੋ ਬਾਅਦ 'ਚ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਇਹ ਵਿਚਾਰ ਡਾ. ਅਮਰੀਕ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਨੇ ਚਲਾਈ ਜਾ ਰਹੀ ਸਾਉਣੀ ਮੁਹਿੰਮ ਤਹਿਤ ਬਲਾਕ ਪਠਾਨਕੋਟ ਦੇ ਪਿੰਡ ਗੂੜਾ ਕਲਾਂ ਵਿਚ ਲਗਾਏ ਕਿਸਾਨ ਜਾਗਰੂਕਤਾ ਕੈਂਪ 'ਚ ਕਿਸਾਨਾਂ ਨੂੰ ਤੰਦਰੁਸਤ ਪਨੀਰੀ ਤਿਆਰ ਕਰਨ ਬਾਰੇ ਤਕਨੀਕੀ ਨੁਕਤੇ ਸਾਂਝੇ ਕਰਦਿਆਂ ਕਹੇ। ਡਾ. ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ ਪ੍ਰੀਜ਼ਰਵੇਸ਼ਨ ਆਫ਼ ਸਬ ਸਾਇਲ ਵਾਟਰ ਐਕਟ-2009 ਅਨੁਸਾਰ ਝੋਨੇ ਦੀ ਲਵਾਈ 15 ਜੂਨ ਤੋਂ ਪਹਿਲਾਂ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਖੇਤੀ ਜਿਨਸਾਂ ਦੇ ਸਿੱਧੇ ਮੰਡੀਕਰਨ ਲਈ ਕਿਸਾਨ ਬਾਜ਼ਾਰ ਨਾਲ ਜੁੜਨਾ ਚਾਹੀਦਾ ਹੈ ਤਾਂ ਜੋ ਖੇਤੀ ਆਮਦਨ 'ਚ ਵਾਧਾ ਕੀਤਾ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸੰਦੀਪ ਸਿੰਘ ਢਿੱਲੋਂ ਖੇਤੀਬਾੜੀ ਵਿਕਾਸ ਅਫ਼ਸਰ, ਸੁਦੇਸ਼ ਕੁਮਾਰ ਖੇਤੀਬਾੜੀ ਉਪ ਨਿਰੀਖਕ, ਰਣਜੋਧ ਸਿੰਘ ਫ਼ੀਲਡ ਵਰਕਰ, ਜਸਵੀਰ ਸਿੰਘ ਚੇਅਰਮੈਨ, ਸੁਰਿੰਦਰ ਸਿੰਘ, ਰਣਵੀਰ ਸਿੰਘ, ਗਣੇਸ਼ ਸਿੰਘ ਅਤੇ ਜਸਪਾਲ ਸਮੇਤ ਹੋਰ ਕਿਸਾਨ ਹਾਜ਼ਰ ਸਨ।

ਕਿਸਾਨਾਂ ਨੂੰ ਜਾਗਰੂਕ ਕਰਦੇ ਹੋਏ ਖੇਤੀਬਾੜੀ ਵਿਭਾਗ ਦੇ ਅਧਿਕਾਰੀ। ਤਸਵੀਰ: ਸੰਧੂ

ਐਸ. ਐਸ. ਆਰ. ਵੀ. ਐਮ. 'ਚ ਨਵੀਂ ਚੁਣੀ ਸਟੂਡੈਂਟ ਕੌਂਸਲ ਨੇ ਚੁੱਕੀ ਸਹੁੰ

ਊਨਾ, 20 ਮਈ (ਹਰਪਾਲ ਸਿੰਘ ਕੋਟਲਾ)-ਟੱਕਾ ਰੋਡ 'ਤੇ ਸਥਿਤ ਐਸ. ਐਸ. ਆਰ. ਵੀ. ਐਮ. ਸੀਨੀਅਰ ਸਕੈਂਡਰੀ ਸਕੂਲ ਊਨਾ 'ਚ ਸਨਿਚਰਵਾਰ ਨੂੰ ਨਵੀਂ ਚੁਣੀ ਸਟੂਡੈਂਟ ਕੌਂਸਲ ਦਾ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਸਮਾਰੋਹ ਵਿਚ ਐਸ. ਡੀ. ਐਮ. ਊਨਾ ਪ੍ਰਥੀਪਾਲ ਸਿੰਘ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ, ਜਦਕਿ ਪ੍ਰੋਗਰਾਮ ਦੀ ਪ੍ਰਧਾਨਗੀ ਸਕੂਲ ਪ੍ਰਬੰਧਕ ਸੁਮੇਸ਼ ਸ਼ਰਮਾ ਨੇ ਕੀਤੀ। ਮੁੱਖ ਮਹਿਮਾਨ ਨੇ ਜੋਤ ਜਲਾ ਕੇ ਪ੍ਰੋਗਰਾਮ ਦਾ ਸ਼ੁਭ-ਅਰੰਭ ਕੀਤਾ। ਸਕੂਲ ਮੁੱਖ ਅਧਿਆਪਕ ਐਮ. ਐਲ. ਸ਼ਰਮਾ ਨੇ ਨਵੇਂ ਸਿੱਖਿਅਕ ਸਤਰ ਦੇ ਬਾਰੇ ਜਾਣੂ ਕਰਵਾਇਆ। ਪਰਮਿੰਦਰ ਨੂੰ ਹੈੱਡ ਬੁਆਏ, ਸਮ੍ਰਤੀ ਸ਼ਰਮਾ ਨੂੰ ਹੈੱਡ ਗਰਲ , ਮੋਹਿਤ ਜੂਨੀਅਰ ਹੈੱਡ ਬੁਆਏ, ਜੋਨਿਆ ਨੂੰ ਜੂਨੀਅਰ ਹੈੱਡ ਗਰਲ ਚੁਣਿਆ ਗਿਆ। ਇਸ ਦੇ ਇਲਾਵਾ ਕੰਚਨ ਨੂੰ ਸੱਭਿਆਚਾਰਕ ਪ੍ਰੋਗਰਾਮ ਪ੍ਰਭਾਰੀ, ਵਿਕਾਸ ਨੂੰ ਅਨੁਸ਼ਾਸਨ ਪ੍ਰਭਾਰੀ, ਸੰਜੀਵ ਨੂੰ ਖੇਡ ਪ੍ਰਭਾਰੀ ਚੁਣਿਆ ਗਿਆ ਉਥੇ ਹੀ ਗੀਤੀਕਾ ਤੇ ਨਿਲੇਸ਼ਵਰ ਨੂੰ ਸਾਇੰਸ, ਵਿਸ਼ਾਖਾ ਨੂੰ ਸਿੱਖਿਅਕ, ਹਰਦੇਵ ਤੇ ਮੇਘਾ ਨੂੰ ਐਂਸਬਲੀ ਹੈੱਡ, ਸੁਬਰਤ ਨੂੰ ਕਾਮਰਸ ਹੈੱਡ ਤੇ ਦਮਨ ਨੂੰ ਆਟਰਸ ਹੈੱਡ ਦਾ ਬੁਲਾਰਾ ਨਿਯੁਕਤ ਕੀਤਾ ਗਿਆ ਹੈ। ਵਿਦਿਆਰਥੀਆਂ ਨੂੰ ਚਾਰ ਸਦਨਾਂ 'ਚ ਵੰਡਿਆ ਗਿਆ, ਜਿਸ 'ਚ ਦੁਰਗਾ ਹਾਉਸ ਦਾ ਬੁਲਾਰਾ ਸੁਨੈਨਾ, ਮਾਨਵੀ ਨੂੰ ਕਪਤਾਨ ਤੇ ਸਾਹਿਲ ਨੂੰ ਉਪ-ਕਪਤਾਨ ਨਿਯੁਕਤ ਕੀਤਾ ਗਿਆ। ਉਥੇ ਹੀ ਕ੍ਰਿਸ਼ਣਾ ਹਾਉਸ ਦਾ ਬੁਲਾਰਾ ਨਿਸ਼, ਵਿਸ਼ਾਲ ਨੂੰ ਕਪਤਾਨ ਤੇ ਗੁਰਪ੍ਰੀਤ ਨੂੰ ਉਪ-ਕਪਤਾਨ ਚੁਣਿਆ ਗਿਆ। ਲਕਸ਼ਮੀ ਹਾਉਸ ਦਾ ਬਲਾਰਾ ਸੰਦੀਪ, ਬਲਜਿੰਦਰ ਨੂੰ ਕਪਤਾਨ ਤੇ ਨਵਨੀਤ ਨੂੰ ਉਪ-ਕਪਤਾਨ ਨਿਯੁਕਤ ਕੀਤਾ ਗਿਆ। ਸ਼ਿਵਾ ਹਾਉਸ ਦਾ ਬੁਲਾਰਾ ਰੀਨਾ ਦੱਤਾ, ਅਕਸ਼ਯ ਨੂੰ ਕਪਤਾਨ, ਤਮੰਨਾ ਨੂੰ ਉਪ-ਕਪਤਾਨ ਚੁਣਿਆ ਗਿਆ ਹੈ। ਐਸ. ਡੀ. ਐਮ. ਨੇ ਨਵ-ਗਠਿਤ ਸਟੂਡੈਂਟ ਕੌਂਸਲ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਬੱਚਿਆਂ ਨੂੰ ਅਨੁਸ਼ਾਸਨ ਵਿਚ ਰਹਿ ਕੇ ਸਾਰਾ ਕਾਰਜ ਕਰਨਾ ਚਾਹੀਦਾ ਹੈ। ਇਸ ਮੌਕੇ ਸਕੂਲ ਦੀ ਉਪ ਮੁੱਖ ਅਧਿਆਪਕਾ ਬ੍ਰਜ ਵਾਲਾ ਸ਼ਰਮਾ ਸਹਿਤ ਹੋਰ ਸਕੂਲ ਸਟਾਫ ਦੇ ਮੈਂਬਰ ਮੌਜੂਦ ਰਹੇ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੇਵਾ ਕੇਂਦਰ ਦਾ ਕੰਮ ਸ਼ੁਰੂ

ਪਠਾਨਕੋਟ, 20 ਮਈ (ਆਰ. ਸਿੰਘ)- ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੇਵਾ ਕੇਂਦਰ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸੇਵਾ ਕੇਂਦਰ ਕੋਆਰਡੀਨੇਟਰ ਸੁਨੀਲ ਕੁਮਾਰ ਨੇ ਦੱਸਿਆ ਕਿ ਸੇਵਾ ਕੇਂਦਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਜਿਸ ਨਾਲ ਲੋਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਤੋਂ ਹੁਣ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਇਕ ਹੀ ਛੱਤ ਹੇਠ ਸਾਰੀਆਂ ਸੁਵਿਧਾਵਾਂ ਦੇਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਣਾਇਆ ਗਿਆ ਹੈ ਪਰ ਪਿਛਲੇ ਤਿੰਨ ਮਹੀਨਿਆਂ ਤੋਂ ਲੋਕਾਂ ਨੂੰ ਕੰਪਲੈਕਸ 'ਚ ਕੰਮ ਕਰਵਾ ਕੇ ਸਰਕਾਰੀ ਫ਼ੀਸ ਦੇਣ ਅਤੇ ਆਪਣੇ ਪ੍ਰਾਰਥਨਾ ਪੱਤਰ ਦੇਣ ਲਈ ਪੁਰਾਣੇ ਸਬ ਡਵੀਜ਼ਨ ਦਫ਼ਤਰ ਵਿਚ ਜਾਣਾ ਪੈਂਦਾ ਸੀ ਪਰ ਹੁਣ ਸਾਰੇ ਕੰਮ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਹੋਣਗੇ।

ਕਾਮਰੇਡਾਂ ਨੇ ਐਸ.ਐਸ.ਪੀ. ਤੋਂ ਦੋਸ਼ੀ ਖ਼ਿਲਾਫ਼ ਕਾਰਵਾਈ ਕਰਨ ਦੀ ਕੀਤੀ ਮੰਗ

ਪਠਾਨਕੋਟ, 20 ਮਈ (ਚੌਹਾਨ)- ਆਰ.ਐਸ. ਪੀ.ਆਈ. ਦਾ ਵਫ਼ਦ ਸੂਬਾ ਆਗੂਆਂ ਸਾਥੀ ਲਾਲ ਚੰਦ ਕਟਾਰੂਚੱਕ ਤੇ ਸਾਥੀ ਨੱਥਾ ਸਿੰਘ ਦੀ ਅਗਵਾਈ 'ਚ ਐਸ.ਐਸ.ਪੀ. ਨੂੰ ਮਿਲਿਆ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਤਹਿਸੀਲ ਸਕੱਤਰ ਦਲਬੀਰ ਸਿੰਘ ਨੇ ਕਿਹਾ ਕਿ ਵਫ਼ਦ ਨੇ ਐਸ.ਐਸ.ਪੀ. ਦੇ ਧਿਆਨ 'ਚ ਲਿਆਂਦਾ ਕਿ ਪਾਰਟੀ ਆਗੂ ਸਾਥੀ ਸ਼ਿਵ ਕੁਮਾਰ 'ਤੇ ਉਨ੍ਹਾਂ ਦੇ ਪਿੰਡ ਖਾਨਪੁਰ ਦੇ ਸ਼ਾਮ ਲਾਲ ਨੇ ਜਾਨਲੇਵਾ ਹਮਲਾ ਕੀਤਾ ਤੇ ਬਦਸਲੂਕੀ 28 ਮਾਰਚ 2017 ਨੂੰ ਕੀਤੀ। ਸ਼ਾਮ ਲਾਲ ਨੇ ਇਕ ਔਰਤ ਨਾਲ ਵੀ ਛੇੜਛਾੜ ਕੀਤੀ ਸੀ। ਸਾਥੀ ਸ਼ਿਵ ਕੁਮਾਰ ਦੀ ਸਹਾਇਤਾ ਨਾਲ ਉਸ ਵਿਰੁੱਧ ਕੇਸ ਵੀ ਦਰਜ ਹੋਇਆ ਸੀ। ਇਸ ਰੰਜਿਸ਼ ਤਹਿਤ ਸ਼ਾਮ ਲਾਲ ਨੇ ਹਮਲਾ ਕੀਤਾ। ਇਸ ਦੀ ਰਿਪੋਰਟ ਸ਼ਿਵ ਕੁਮਾਰ ਨੇ ਪੁਲਿਸ ਨੂੰ ਕੀਤੀ ਸੀ ਪਰ ਪੁਲਿਸ ਨੇ ਕੋਈ ਕਾਰਵਾਈ ਨਾ ਕੀਤੀ ਤੇ ਤਫ਼ਤੀਸ਼ੀ ਅਫ਼ਸਰ ਇੰਦਰਜੀਤ ਨੇ 3 ਮਈ ਨੂੰ ਇਸ ਕੇਸ ਸਬੰਧੀ ਮਿਲਣ ਗਏ ਵਫ਼ਦ ਦੀ ਬੇਇਜ਼ਤੀ ਕੀਤੀ ਅਤੇ ਦਰਖਾਸਤ ਦਿੱਤੀ। ਪਾਰਟੀ ਨੇ ਐਸ.ਐਸ.ਪੀ. ਤੋਂ ਮੰਗ ਕੀਤੀ ਦੋਸ਼ੀ ਵਿਰੁੱਧ ਕੜੀ ਕਾਰਵਾਈ ਕੀਤੀ ਜਾਵੇ ਤੇ ਏ.ਐਸ.ਆਈ. ਇੰਦਰਜੀਤ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਐਸ.ਐਸ.ਪੀ. ਨੇ ਯੋਗ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਇਸ ਵਫ਼ਦ 'ਚ ਮਾ. ਸੁਭਾਸ਼ ਸ਼ਰਮਾ, ਪ੍ਰੇਮ ਸਾਗਰ, ਜਨਕ ਕੁਮਾਰ, ਰਘੂਨਾਥ ਸਿੰਘ ਵੀ ਹਾਜ਼ਰ ਸਨ।

ਖ਼ੁਦਕੁਸ਼ੀ ਲਈ ਮਜਬੂਰ ਕਰਨ ਵਾਲੇ ਪੰਜ ਲੋਕਾਂ ਖ਼ਿਲਾਫ਼ ਮਾਮਲਾ ਦਰਜ

ਨਰੋਟ ਮਹਿਰਾ, 20 ਮਈ (ਰਾਜ ਕੁਮਾਰੀ)- ਥਾਣਾ ਕਾਨਵਾਂ ਪੁਲਿਸ ਵੱਲੋਂ ਇਕ ਵਿਅਕਤੀ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਵਾਲੇ ਪੰਜ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਕਾਨਵਾਂ ਦੇ ਐਸ.ਐਚ.ਓ. ਸੁਦੇਸ਼ ਕੁਮਾਰ ਨੇ ਦੱਸਿਆ ਕਿ ਅਜੇ ਸੈਨੀ ਪੁੱਤਰ ਕਰਮਬੀਰ ਸਿੰਘ ਨਿਵਾਸੀ ਧੋਬੜਾ ਨੂੰ ਸਹੁਰਿਆਂ ਵੱਲੋਂ ਖ਼ੁਦਕੁਸ਼ੀ ਕਰਨ ਲਈ ਮਜਬੂਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਮਾਤਾ ਆਸ਼ਾ ਰਾਣੀ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਕਾਨਵਾਂ ਪੁਲਿਸ ਨੇ ਮ੍ਰਿਤਕ ਦੀ ਪਤਨੀ ਕਮਲਦੀਪ, ਸੱਸ ਭੋਲੀ, ਸਾਲਾ ਸੇਖਰ, ਚਾਚਾ ਸਹੁਰਾ ਬਿੱਟੂ ਅਤੇ ਉਨ੍ਹਾਂ ਦੇ ਦੋਸਤ ਸੀਰਾ ਖ਼ਿਲਾਫ਼ ਧਾਰਾ 306 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਐਸ.ਐਚ.ਓ. ਸੁਦੇਸ਼ ਕੁਮਾਰ ਨੇ ਦੱਸਿਆ ਕਿ ਪਤੀ ਅਤੇ ਪਤਨੀ ਦੇ ਘਰੇਲੂ ਝਗੜੇ ਨੂੰ ਲੈ ਕੇ ਸਹੁਰੇ ਘਰ ਨੇ ਆਪਣੇ ਜਵਾਈ ਅਜੇ ਸੈਨੀ ਜੋ ਵਾਟਰ ਸਪਲਾਈ ਵਿਚ ਕਲਰਕ ਸੀ ਨੂੰ ਪਿੰਡ ਧੋਬੜਾ ਵਿਖੇ ਮਾਰ ਕੁਟਾਈ ਕੀਤੀ ਗਈ। ਇਸ ਬੇਇੱਜ਼ਤੀ ਨੂੰ ਲੈ ਕੇ ਅਜੇ ਸੈਨੀ ਨੇ ਜ਼ਹਿਰੀਲਾ ਪਦਾਰਥ ਖਾ ਲਿਆ ਜਿਸ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਅਜੇ ਸੈਨੀ ਕੋਲੋਂ ਇਕ ਸੁਸਾਇਡ ਨੋਟ ਵੀ ਮਿਲਿਆ ਜਿਸ 'ਚ ਉਸ ਨੇ ਉਕਤ ਪੰਜ ਲੋਕਾਂ ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਠਹਿਰਾਇਆ। ਪੁਲਿਸ ਉਕਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕਰ ਰਹੀ ਹੈ। ਜਲਦ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਗੁਰਮਤਿ ਸਮਾਗਮ ਕੱਲ੍ਹ ਨੂੰ

ਪਠਾਨਕੋਟ, 20 ਮਈ (ਆਰ. ਸਿੰਘ)- ਸਰਬੱਤ ਖ਼ਾਲਸਾ ਧਾਰਮਿਕ ਸੰਸਥਾ ਪਠਾਨਕੋਟ ਵੱਲੋਂ ਗੁਰਦੁਆਰਾ ਸਿੰਘ ਸਭਾ ਅਬਰੋਲ ਨਗਰ ਪਠਾਨਕੋਟ ਵਿਖੇ 21 ਮਈ ਦਿਨ ਐਤਵਾਰ ਨੂੰ ਸਵੇਰੇ 8 ਵਜੇ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਸੰਬੰਧ ਵਿਚ ਜਾਣਕਾਰੀ ਦਿੰਦੇ ਹੋਏ ਮੁੱਖ ਪ੍ਰਬੰਧਕ ਜਥੇਦਾਰ ਗੁਰਦੀਪ ਸਿੰਘ ਗੁਲ੍ਹਾਟੀ ਅਤੇ ਮੁੱਖ ਬੁਲਾਰਾ ਮਾਸਟਰ ਚੰਨਣ ਸਿੰਘ ਨੇ ਦੱਸਿਆ ਕਿ ਚੱਲ ਰਹੀ ਬਾਣੀ ਦੀ ਵਿਆਖਿਆ ਭਾਈ ਕੁਲਵਿੰਦਰ ਸਿੰਘ ਭੋਗਪੁਰ ਵਾਲੇ ਕਰਨਗੇ ਅਤੇ ਭਾਈ ਦਾਤਾਰ ਸਿੰਘ ਦਾ ਰਾਗੀ ਜਥਾ ਕੀਰਤਨ ਕਰ ਸੰਗਤ ਨੂੰ ਨਿਹਾਲ ਕਰੇਗਾ। ਇਸ ਮੌਕੇ ਤੇ ਸੋਹਨ ਸਿੰਘ, ਰਾਜਨ ਸਿੰਘ, ਗੁਰਸ਼ਰਨ ਸਿੰਘ , ਸੁਰਜੀਤ ਸਿੰਘ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੀਲਿਮਾ ਸੰਭਾਵੀ ਹੜ੍ਹਾਂ ਦੀ ਰੋਕਥਾਮ ਲਈ ਕੀਤੇ ਗਏ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ। ਤਸਵੀਰ: ਚੌਹਾਨ

ਸੰਭਾਵੀ ਹੜ੍ਹਾਂ ਦੀ ਰੋਕਥਾਮ ਸਬੰਧੀ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡੀ.ਸੀ. ਵੱਲੋਂ ਮੀਟਿੰਗ

ਪਠਾਨਕੋਟ, 20 ਮਈ (ਚੌਹਾਨ/ਸੰਧੂ/ਆਰ. ਸਿੰਘ)- ਸੰਭਾਵੀ ਹੜ੍ਹਾਂ ਦੀ ਰੋਕਥਾਮ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਸਬੰਧੀ ਮੀਟਿੰਗ ਸ੍ਰੀਮਤੀ ਨੀਲਿਮਾ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ 'ਚ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਦੇ ਮੀਟਿੰਗ ਹਾਲ ਵਿਖੇ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਪੱਧਰ ਅਤੇ ਤਹਿਸੀਲ ਪੱਧਰ 'ਤੇ ਕੰਟਰੋਲ ਰੂਮ ਸਥਾਪਿਤ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਹਦਾਇਤ ਕੀਤੀ ਕਿ ਸਕੂਲਾਂ ਦੀ ਚੋਣ ਕਰਕੇ ਇਕ ਲਿਸਟ ਤਿਆਰ ਕੀਤੀ ਜਾਵੇ ਤਾਂ ਜੋ ਜ਼ਰੂਰਤ ਪੈਣ 'ਤੇ ਉਨ੍ਹਾਂ ਸਕੂਲਾਂ ਨੂੰ ਕੈਂਪਾਂ ਵਿਚ ਬਦਲਿਆ ਜਾ ਸਕੇ। ਉਨ੍ਹਾਂ ਐਸ.ਡੀ.ਐਮ. ਧਾਰ ਕਲਾਂ ਅਤੇ ਪਠਾਨਕੋਟ ਨੂੰ ਕਿਹਾ ਕਿ ਉਹ ਫਲੱਡ ਕੰਟਰੋਲ ਸਮਾਨ ਦਾ ਨਿਰੀਖਣ ਕਰਨਗੇ। ਉਨ੍ਹਾਂ ਰਣਜੀਤ ਸਾਗਰ ਡੈਮ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਾਣੀ ਛੱਡਣ ਦੇ 24 ਘੰਟੇ ਪਹਿਲਾਂ ਪਬਲਿਕ ਨੂੰ ਸੂਚਿਤ ਕੀਤਾ ਜਾਵੇ। ਉਨ੍ਹਾਂ ਸਿਵਲ ਹਸਪਤਾਲ ਪਠਾਨਕੋਟ ਨੂੰ ਵੀ ਆਦੇਸ਼ ਜਾਰੀ ਕਰਦਿਆਂ ਕਿਹਾ ਕਿ 1 ਜੂਨ ਤੋਂ ਪਹਿਲਾਂ ਦਵਾਈਆਂ ਦਾ ਸਟਾਕ ਰੱਖਿਆ ਜਾਵੇ। ਇਸ ਮੌਕੇ ਅਸ਼ੋਕ ਕੁਮਾਰ ਸਹਾਇਕ ਕਮਿਸ਼ਨਰ ਜਨਰਲ, ਕੁਲਦੀਪ ਸਿੰਘ ਡੀ.ਐਸ.ਪੀ., ਰਾਮ ਲਭਾਇਆ ਸਹਾਇਕ ਲੋਕ ਸੰਪਰਕ ਅਧਿਕਾਰੀ, ਸੁਖਦੇਵ ਰਾਜ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ, ਯਸ਼ਪਾਲ ਨਾਇਬ ਤਹਿਸੀਲਦਾਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।